# ਸ਼੍ਰੇਣੀ-ਬਾਰ੍ਹਵੀਂ
# ਵਿਸ਼ਾ-ਲਾਜ਼ਮੀ ਪੰਜਾਬੀ
# ਸਮੈਸਟਰ-1

**ਸਮਾਂ : 3 ਘੰਟੇ** **ਲਿਖਤੀ : 70 ਅੰਕ**

**ਸੀ.ਸੀ. ਈ. / ਅੰਤਰਿਕ ਮੁਲਾਂਕਣ : 30 ਅੰਕ**

| | | |
|---|---|---|
| 1. | ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ: (ਪੰਜਾਬੀ ਸੱਭਿਆਚਾਰ, ਪੰਜਾਬ ਦਾ ਰਹਿਣ-ਸਹਿਣ, ਪੰਜਾਬ ਦੇ ਲੋਕ-ਕਿੱਤੇ, ਪੰਜਾਬ ਦੀਆਂ ਲੋਕ-ਕਲਾਵਾਂ) | |
| 2. | ਕਾਰ-ਵਿਹਾਰ ਦੇ ਪੱਤਰ: | 1 ਤੋਂ 4 ਤੱਕ (ਹੱਲ ਕੀਤੇ ਹੋਏ) |
| | | 1 ਤੋਂ 6 ਤੱਕ (ਅਭਿਆਸ ਵਾਲ਼ੇ) |
| 3. | ਸੰਖੇਪ-ਰਚਨਾ | 1 ਤੋਂ 4 ਤੱਕ (ਹੱਲ ਕੀਤੇ ਹੋਏ) |
| | | 1 ਤੋਂ 5 ਤੱਕ (ਅਭਿਆਸ ਵਾਲ਼ੇ) |
| 4. | ਅਖਾਉਤਾਂ | 1 ਤੋਂ 40 ਤੱਕ (ਹੱਲ ਕੀਤੇ ਹੋਏ) |
| | | 1 ਤੋਂ 10 ਤੱਕ (ਅਭਿਆਸ ਵਾਲ਼ੇ) |
| 5. | ਕਵਿਤਾਵਾਂ | ਡਾ. ਦੀਵਾਨ ਸਿੰਘ ਕਾਲੇਪਾਣੀ |
| | | ਪ੍ਰੋ. ਮੋਹਨ ਸਿੰਘ |
| 6. | ਕਹਾਣੀਆਂ | ਸਾਂਝ (ਸੁਜਾਨ ਸਿੰਘ) |
| | | ਨੀਲੀ (ਕਰਤਾਰ ਸਿੰਘ ਦੁੱਗਲ) |

**ਸ਼੍ਰੇਣੀ-ਬਾਰ੍ਹਵੀਂ**

**ਵਿਸ਼ਾ-ਲਾਜ਼ਮੀ ਪੰਜਾਬੀ**

**ਸਮੈਸਟਰ-II**

**ਸਮਾਂ : 3 ਘੰਟੇ** **ਲਿਖਤੀ : 70 ਅੰਕ**

**ਸੀ.ਸੀ.ਈ. / ਅੰਦਰਿਕ ਮੁਲਾਂਕਣ : 30 ਅੰਕ**

1. ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ: (ਪੰਜਾਬ ਦੇ ਰਸਮ-ਰਿਵਾਜ, ਪੰਜਾਬ ਦੇ ਮੇਲੇ ਤੇ ਤਿਉਹਾਰ, ਪੰਜਾਬ ਦੇ ਲੋਕ-ਵਿਸ਼ਵਾਸ, ਪੰਜਾਬ ਦੀਆ ਲੋਕ-ਖੇਡਾਂ, ਪੰਜਾਬ ਦੇ ਲੋਕ-ਗੀਤ, ਪੰਜਾਬ ਦੇ ਲੋਕ-ਨਾਚ, ਪੰਜਾਬ ਦੀਆਂ ਨਕਲਾਂ)

| | | |
|---|---|---|
| 2. | ਕਾਰ-ਵਿਹਾਰ ਦੇ ਪੱਤਰ | 5 ਤੋਂ 8 ਤੱਕ (ਹੱਲ ਕੀਤੇ ਹੋਏ) |
| | | 7 ਤੋਂ 14 ਤੱਕ (ਅਭਿਆਸ ਵਾਲ਼ੇ) |
| 3. | ਸੰਖੇਪ-ਰਚਨਾ | 5 ਤੋਂ 8 ਤੱਕ (ਹੱਲ ਕੀਤੇ ਹੋਏ) |
| | | 6 ਤੋਂ 13 ਤੱਕ (ਅਭਿਆਸ ਵਾਲ਼ੇ) |
| 4. | ਅਖਾਉਤਾਂ | 41 ਤੋਂ 90 ਤੱਕ (ਹੱਲ ਕੀਤੇ ਹੋਏ) |
| | | 11 ਤੋਂ 22 ਤੱਕ (ਅਭਿਆਸ ਵਾਲ਼ੇ) |
| 5. | ਕਵਿਤਾਵਾਂ | ਬਾਵਾ ਬਲਵੰਤ |
| | | ਅੰਮ੍ਰਿਤਾ ਪ੍ਰੀਤਮ |
| | | ਤਾਰਾ ਸਿੰਘ |
| 6. | ਕਹਾਣੀਆਂ | ਆਪਣਾ ਦੇਸ (ਸੰਤੋਖ ਸਿੰਘ ਧੀਰ) |
| | | ਮੈਨੂੰ ਜਾਣਨੈ (ਕੁਲਵੰਤ ਸਿੰਘ ਵਿਰਕ) |
| | | ਕਾਰ-ਖਿਡੌਣਾ (ਗੁਰਬਚਨ ਸਿੰਘ ਭੁੱਲਰ) |

ਨਿਰਧਾਰਿਤ ਪਾਠ-ਪੁਸਤਕ:-

ਲਾਜ਼ਮੀ ਪੰਜਾਬੀ-12 ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ।

# ਸ਼੍ਰੇਣੀ-ਬਾਰ੍ਹਵੀਂ
# ਵਿਸ਼ਾ-ਲਾਜ਼ਮੀ ਪੰਜਾਬੀ
# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਤੇ ਪ੍ਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:-**

ਪ੍ਰਸ਼ਨ:1- ਸਮੈਸਟਰਾਂ ਦੇ ਪੂਰੇ ਪਾਠ-ਕ੍ਰਮ ਦੇ ਅਧਾਰ ਤੇ ਸੰਖੇਪ ਉੱਤਰਾ ਵਾਲ਼ੇ 1● ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਇੱਕ (1 ਅੰਕ) ਦਾ ਹੋਵੇਗਾ।

ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :

ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ : 6 ਅੰਕ (ਲੇਖਕ ਦੀ ਰਚਨਾ, ਰਚਨਾ ਦਾ ਲੇਖਕ, ਗ਼ਲਤ/ਠੀਕ, ਬਹੁ-ਚੋਣ, ਖ਼ਾਲੀ ਥਾਵਾਂ, ਇੱਕ-ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)।

ਕਵਿਤਾਵਾਂ : 1 ਅੰਕ (ਕਵਿਤਾ ਦਾ ਕਵੀ/ਕਵੀ ਦੀ ਰਚਨਾ)

ਕਹਾਣੀ : 1 ਅੰਕ (ਪਾਤਰਾਂ ਬਾਰੇ)

ਅਖਾਉਤਾਂ : 2 ਅੰਕ (ਦੋ ਅਧੂਰੀਆਂ ਅਖਾਉਤਾਂ ਪੂਰੀਆਂ ਕਰਨੀਆਂ) 1●

ਪ੍ਰਸ਼ਨ :2- ਲਾਜ਼ਮੀ ਪੰਜਾਬੀ-12 ਦੇ ਪੰਜਾਬੀ ਸੱਭਿਆਚਾਰ ਭਾਗ ਦੇ ਪਾਠ ਅਭਿਆਸਾਂ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਅੱਠ ਪ੍ਰਸ਼ਨ ਪੁੱਛ ਕੇ ਉਹਨਾਂ ਵਿੱਚੋਂ ਪੰਜ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4+4+4+4 =20

ਪ੍ਰਸ਼ਨ :3- ਕਾਰ-ਵਿਹਾਰ ਦੇ ਪੱਤਰ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਦੇ ਬਾਰੇ ਪੱਤਰ ਲਿਖਣ ਲਈ ਕਿਹਾ ਜਾਵੇਗਾ। 2+4+2=8

ਪ੍ਰਸ਼ਨ :4- ਸੰਖੇਪ-ਰਚਨਾ ਕਰਨ ਲਈ ਇੱਕ ਪੈਰਾ ਦਿੱਤਾ ਜਾਵੇਗਾ। ਪਰੀਖਿਆਰਥੀ ਇਸ ਪੈਰੇ ਦੀ ਸੰਖੇਪ-ਰਚਨਾ ਕਰੇਗਾ ਜੋ ਮੂਲ ਪੈਰੇ ਦਾ ਲਗ-ਪਗ ਇੱਕ ਤਿਹਾਈ ਹੋਵੇਗਾ। ਸੰਖੇਪ-ਰਚਨਾ ਦਾ ਸਿਰਲੇਖ ਦੇਣ ਲਈ ਵੀ ਕਿਹਾ ਜਾਵੇਗਾ। 8+2=10

ਪ੍ਰਸ਼ਨ :5- ਲਾਜ਼ਮੀ ਪੰਜਾਬੀ-12 ਵਿੱਚੋਂ ਕੋਈ ਸੱਤ ਅਖਾਉਤਾਂ ਦੇ ਕੇ ਉਹਨਾਂ ਵਿੱਚੋਂ ਚਾਰ ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। 2+2+2+2=8

ਪ੍ਰਸ਼ਨ :6- ਲਾਜ਼ਮੀ ਪੰਜਾਬੀ -12 ਵਿੱਚ ਦਿੱਤੀਆਂ ਕਵਿਤਾਵਾਂ ਵਿੱਚੋਂ ਦੋ ਕਵਿਤਾਵਾਂ ਦੇ ਕੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 6

ਪ੍ਰਸ਼ਨ :7- ਲਾਜ਼ਮੀ ਪੰਜਾਬੀ-12 ਵਿੱਚ ਦਿੱਤੀਆਂ ਪੰਜ ਕਹਾਣੀਆਂ ਵਿੱਚੋਂ ਦੋ ਕਹਾਣੀਆਂ ਦੇ ਕੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। 8

**ਸ਼੍ਰੇਣੀ-ਬਾਰ੍ਹਵੀਂ**

**ਵਿਸ਼ਾ-ਲਾਜ਼ਮੀ ਪੰਜਾਬੀ**

**ਸਮੈਸਟਰ-I**

**ਨਮੂਨੇ ਦਾ ਪ੍ਰਸ਼ਨ ਪੱਤਰ**

**ਲਿਖਤੀ ਪੇਪਰ-70**

**ਆਂਤਰਿਕ ਮੁਲਾਂਕਣ-30**

**ਸਮਾਂ-3 ਘੰਟੇ** **ਕੁਲ ਅੰਕ-100**

**ਪ੍ਰਸ਼ਨ੍-1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

(ੳ) 'ਪੰਜਾਬੀ ਸੱਭਿਆਚਾਰ' ਲੇਖ ਦਾ ਲੇਖਕ ਕੌਣ ਹੈ?

(ਅ) ਦੱਸੋ ਇਹ ਕਥਨ ਠੀਕ ਹੈ ਕੀ ਗ਼ਲਤ: ' ਕੀ ਸੱਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ।'

(ੲ) ਠੀਕ ਉੱਤਰ ਚੁਣ ਕੇ ਲਿਖੋ :

ਪੰਜਾਬ ਦਾ ਰਹਿਣ-ਸਹਿਣ ਪ੍ਰਭਾਵਿਤ ਹੁੰਦਾ ਹੈ :-

(ੳ) ਸੂਰਜ ਤੋਂ (ਅ) ਬੱਦਲ਼ਾਂ ਤੋਂ

(ੲ) ਸੂਰਜ ਅਤੇ ਬੱਦਲ਼ਾਂ ਤੋਂ (ਸ) ਕਿਸੇ ਤੋਂ ਨਹੀਂ

**(ਸ) .ਖਾਲੀ ਸਥਾਨ ਭਰੋ :-**

ਲੈ ਕੇ ਮੈਨੂੰ ਮਖ਼ਮਲ ਦੀ......................

(ਹ) ਪੰਜਾਬ ਦੇ ਲੋਕ-ਕਿੱਤੇ ਕਿਸ ਪ੍ਰਬੰਧ ਵਿੱਚ ਸਿੱਖ਼ਰਾਂ 'ਤੇ ਸਨ?

(ਕ) ਨਵਰਾਤਿਆਂ ਦੌਰਾਨ ਕੁੜੀਆਂ ਕੰਧ ਉੱਪਰ ਕਿਸ ਦੇਵੀ ਦੀ ਮੂਰਤੀ ਬਣਾ ਕੇ ਪੂਜਦੀਆਂ ਹਨ?

(ਖ) 'ਕਲੰਦਰ ਦਾ ਬਾਂਦਰ' ਕਵਿਤਾ ਦੇ ਕਵੀ ਦਾ ਨਾਮ ਲਿਖੋ?

(ਗ) 'ਸਾਂਝ' ਕਹਾਣੀ ਵਿਚਲੇ ਪ੍ਰੋਫ਼ੈਸਰ ਪਾਤਰ ਦਾ ਪੂਰਾ ਨਾਮ ਲਿਖੋ?

(ਘ) ਅਖਾਉਤ ਪੂਰੀ ਕਰੋ : ਸਵੈ ਭਰੋਸਾ......................

(ਙ) ਅਖਾਉਤ ਪੂਰੀ ਕਰੋ : ...................... ਮੁੜ-ਮੁੜ ਆਪਣਿਆਂ ਨੂੰ 1×10=10

**ਪ੍ਰਸ਼ਨ-2 ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :-**

(ੳ) ਸੱਭਿਆਚਾਰ ਤੋਂ ਕੀ ਭਾਵ ਹੈ?

(ਅ) ਸੱਭਿਆਚਾਰ ਵਿਗਿਆਨੀ ਪੰਜਾਬ ਨੂੰ ਸੱਭਿਆਚਾਰ ਦਾ ਪੰਘੂੜਾ ਹੋਣ ਦਾ ਮਾਣ ਦਿੰਦੇ ਹਨ, ਦੱਸੋ ਕਿਉਂ?

(ੲ) ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾਬੀਆਂ ਦੇ ਰਹਿਣ-ਸਹਿਣ ਨੂੰ ਕਿਵੇਂ ਪ੍ਰਭਾਵਿਤ ਕੀਤਾ?

(ਸ) ਲੋਕ-ਕਿੱਤੇ ਦੇ ਵਿਸ਼ੇਸ਼ ਲੱਛਣ ਕਿਹੜੇ-ਕਿਹੜੇ ਹੁੰਦੇ ਹਨ?

(ਹ) ਪੰਜਾਬ ਦੀ ਲੋਕ-ਚਿੱਤਰ ਕਲਾ ਬਾਰੇ ਨੋਟ ਲਿਖੋ?

(ਕ) ਲੋਕ-ਕਲਾਵਾਂ ਦਾ ਲੋਕ ਵਿਸ਼ਵਾਸਾਂ ਨਾਲ਼ ਕੀ ਸੰਬੰਧ ਹੈ?

(ਖ) ਪੰਜਾਬੀਆਂ ਦੇ ਆਚਾਰ-ਵਿਹਾਰ ਦੇ ਪ੍ਰਮੁੱਖ ਲੱਛਣ ਕਿਹੜੇ ਹਨ?

4+4+4+4+4=20

ਪ੍ਰਸ਼ਨ:-3. ਤੁਹਾਡੇ ਪਿੰਡ ਵਿੱਚ ਨਗਰ ਪੰਚਾਇਤ ਵੱਲੋਂ ਇੱਕ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾ ਮੰਗਵਾਉਣ ਸੰਬੰਧੀ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਕੋਲੋਂ ਕੁਟੇਸ਼ਨਾਂ ਦੀ ਮੰਗ ਕਰੋ। ਇਸ ਪੱਤਰ ਵਿੱਚ ਕਿਸੇ ਇੱਕ ਵਿਕਰੇਤਾ ਨੂੰ ਸੰਬੋਧਨ ਕਰੋ।

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਹਾੜ੍ਹੀ ਦੀ ਫ਼ਸਲ ਦੇ ਬੀਜਾਂ, ਸੰਭਾਵਿਤ ਰੋਗਾਂ ਅਤੇ ਸਾਵਧਾਨੀਆਂ ਬਾਰੇ ਵੇਰਵਿਆਂ ਦੀ ਮੰਗ ਕਰੋ।

2+4+2 = 8

**ਪ੍ਰਸ਼ਨ-4 ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋਂ :-**

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆਂ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲ਼ੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ ਜਿਸ ਕਰਕੇ ਸਹਿਜ ਜੀਵਨ ਜਿਊਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ਼ ਤਾਲਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੰਘ ਜਾਂਦਾ ਹੈ, ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ਼ ਜ਼ਿੰਦਗੀ ਵਿੱਚ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾ ਪੈਦਾ ਹੁੰਦੀਆਂ ਹਨ। ਨਸ਼ਾ ਪ੍ਰਵਿਰਤੀ ਇਸੇ ਖਲਾਅ ਨੂੰ ਪੂਰਿਆਂ ਕਰਨ ਦੇ ਜਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗੈਰਾ ਦੀ ਬਦੌਲਤ ਬੇਸ਼ੱਕ ਬਾਹਰੀ ਫ਼ਾਸਲੇ ਘਟੇ ਹਨ ਪਰ ਸਮਾਜਿਕ ਮਾਨਸਿਕ ਤੇ ਆਤਮਿਕ ਤੌਰ 'ਤੇ ਇਨਸਾਨ ਵਿਚਲੀ ਦੂਰੀ ਵਧੀ ਹੈ। ਭੀੜ ਵਧਣ ਦੇ ਬਾਵਜੂਦ ਇਨਸਾਨ ਇੱਕਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇੱਕਲੇ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀ ਰਿਹਾ ਤਾਂ ਉਸਨੇ ਮਸਨੂਈ ਸਹਾਰੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਨਸ਼ੇ ਵੀ ਹਨ।

8+2 = 10

**ਪ੍ਰਸ਼ਨ:- 5 ਹੇਠ ਲਿਖੀਆਂ ਅਖਾਉਂਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :-**

(ੳ) ਅੱਖਾਂ ਨੇ ਨਾ ਖਾਧਾ ਤਾਂ ਮੂੰਹ ਨੇ ਕੀ ਖਾਣਾ ਏ
(ਅ) ਅੰਬਾ ਦੀ ਭੁੱਖ ਅੰਬਾਕੜੀਆਂ ਨਾਲ਼ ਨਹੀਂ ਲਹਿੰਦੀ
(ੲ) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ
(ਸ) ਹਰ ਕੋਈ ਤਾਜ਼ਾ ਲਿਪਿਆ ਵੇਖਦਾ ਹੈ
(ਹ) ਕੁੱਤਾ ਭੌਂਕੇ ਬੱਦਲ਼ ਗੱਜੇ ਨਾ ਉਹ ਵੱਢੇ ਨਾ ਉਹ ਵੱਸੇ
(ਕ) ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ
(ਖ) ਅਪਣੇ ਹੱਥੀਂ ਅਪਣਾ, ਆਪੇ ਹੀ ਕਾਜ ਸਵਾਰੀਐ
(ਗ) ਗਰਮ ਪਾਣੀ ਵੀ ਅੱਗ ਬੁਝਾ ਦਿੰਦਾ ਹੈ।

2+2+2+2 =8

ਪ੍ਰਸ਼ਨ 6- ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :-
ਆਨੰਦ, ਤਾਜਮਹੱਲ 6

ਪ੍ਰਸ਼ਨ 7 - ਕਿਸੇ ਇੱਕ ਕਹਾਣੀ ਦਾ ਸਾਰ ਲਿਖੋ :-
ਸਾਂਝ, ਨੀਲੀ 8

**ਸ਼੍ਰੇਣੀ ਬਾਰ੍ਹਵੀਂ**

**ਵਿਸ਼ਾ :- ਲਾਜ਼ਮੀ ਪੰਜਾਬੀ**

**ਸਮੈਸਟਰ - II**

**ਨਮੂਨੇ ਦਾ ਪ੍ਰਸ਼ਨ-ਪੱਤਰ**

**ਸਮਾਂ :- 3 ਘੰਟੇ** **ਲਿਖਤੀ ਪੇਪਰ :- 70**

**ਆਂਤਰਿਕ ਮੁਲਾਂਕਣ :- 30**

**ਕੁੱਲ ਅੰਕ - 100**

**ਪ੍ਰਸ਼ਨ :-1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

(ੳ) ਡਾ.ਬਲਦੇਵ ਸਿੰਘ ਗਿੱਲ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ ' ਪੁਸਤਕ ਵਿੱਚ ਸ਼ਾਮਿਲ ਕੀਤੀ ਗਈ ਹੈ।

(ਅ) ਦੱਸੋ ਇਹ ਕਥਨ ਠੀਕ ਹੈ ਕਿ ਗ਼ਲਤ:
ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ।

(ੲ) ਠੀਕ ਉੱਤਰ ਚੁਣ ਕੇ ਲਿਖੋ :-
ਮਰਦਾਂ ਦਾ ਲੋਕ-ਨਾਚ ਹੈ:

(ੳ) ਸੰਮੀ (ਅ) ਝੂਮਰ (ੲ) ਗਿੱਧਾ

(ਸ) ਖ਼ਾਲੀ ਸਥਾਨ ਭਰੋ :-
ਘੋੜੀ ਚੜ੍ਹਨ ਤੋਂ ਪਹਿਲਾਂ ਵਿਆਹ ਵਾਲ਼ੇ ਮੁੰਡੇ ਦੀ ............................ ਸੁਰਮਾ ਪਾਉਣ ਦੀ ਰਸਮ ਕਰਦੀ ਹੈ।

(ਹ) ਲੋਹੜੀ ਤੋਂ ਅਗਲੇ ਦਿਨ ਕਿਹੜਾ ਤਿਉਹਾਰ ਆਉਂਦਾ ਹੈ।

(ਕ) ਰਾਤ ਦੇ ਸਮੇਂ ਬਿੱਲੀਆਂ ਜਾਂ ਕੁੱਤਿਆਂ ਦਾ ਰੋਣਾ ਕਿਸ ਚੀਜ਼ ਦਾ ਸੂਚਕ ਮੰਨਿਆ ਜਾਂਦਾ ਹੈ।

(ਖ) 'ਮੈਨੂੰ ਜਾਣਨੈ' ਕਹਾਣੀ ਦੇ ਮੁੱਖ ਪਾਤਰ ਦਾ ਨਾਮ ਲਿਖੋ।

(ਗ) ਅਖਾਉਤ ਪੂਰੀ ਕਰੋ: ਘੜੇ ਨੂੰ ਹੱਥ ਲਾਇਆ ................................ ।

(ਘ) ਅਖਾਉਤ ਪੂਰੀ ਕਰੋ: ..................... ਬਾਹਰਲਾ ਜੋਗੀ ਸਿੱਧ।

1×10=10

**ਪ੍ਰਸ਼ਨ :- 2 ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋਂ :-**

(ੳ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ?

(ਅ) ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ। ਦੱਸੋ ਇਸ ਕਾਫ਼ਲੇ ਵਿੱਚ ਕਿਹੜੇ- ਕਿਹੜੇ ਤਿਉਹਾਰ ਆਉਂਦੇ ਹਨ?

(ੲ) ਮਨਾਹੀਆਂ ਵਾਲ਼ੇ ਲੋਕ-ਵਿਸ਼ਵਾਸ਼ਾਂ ਉੱਤੇ ਨੋਟ ਲਿਖੋ ?

(ਸ) ਪੰਜਾਬੀਆਂ ਦੀ ਕਿਹੜੀ ਭਾਂਤ ਦੀਆਂ ਖੇਡਾਂ ਵਿੱਚ ਜ਼ਿਆਦਾ ਰੁਚੀ ਹੈ। ਇਹ ਵੀ ਦੱਸੋ ਕਿ ਅਜਿਹਾ ਕਿਉਂ ਹੈ ?

(ਹ) ਲੋਕ-ਗੀਤਾਂ ਅਤੇ ਵਿਸ਼ਿਸ਼ਟ ਸਾਹਿਤ ਵਿੱਚ ਕਿਹੜੀਆਂ ਸਾਂਝਾਂ ਅਤੇ ਵਖਰੇਵੇਂ ਹਨ?

(ਕ) 'ਪੰਜਾਬ ਦੇ ਲੋਕ-ਨਾਚ' ਪਾਠ ਵਿੱਚ ਆਏ ਮਰਦ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ ?

(ਖ) ਨਕਲਾਂ ਖੇਡਣ ਲਈ ਕਿਹੋ ਜਿਹੇ ਪਿੜ ਦੀ ਵਰਤੋਂ ਕੀਤੀ ਜਾਂਦੀ ਹੈ ?

4+4+4+4+4 = 20

ਪ੍ਰਸ਼ਨ :- 3 ਤੁਸੀਂ ਬੀ.ਐਸ.ਸੀ. ਦਾ ਇਮਤਿਹਾਨ ਪਾਸ ਕੀਤਾ ਹੋਇਆ ਹੈ ਪਰ ਤੁਸੀਂ ਬੇਰੁਜ਼ਗਾਰ ਹੋ। ਪੰਜਾਬ ਵਿੱਤ ਨਿਗਮ ਨੂੰ ਇੱਕ ਪੱਤਰ ਲਿਖੋ ਅਤੇ ਆਪਣੀ ਸਮਰੱਥਾ ਬਾਰੇ ਜਾਣਕਾਰੀ ਦਿੰਦਿਆਂ ਨਿਗਮ ਪਾਸੋਂ ਮਿਲ਼ ਸਕਦੀ ਸਹਾਇਤਾ ਬਾਰੇ ਜਾਣਕਾਰੀ ਦੀ ਮੰਗ ਕਰੋ।

ਜਾਂ

ਤੁਸੀਂ ਆਪਣੀ ਦੁਕਾਨ (ਗਿਆਨ ਪੁਸਤਕ ਭੰਡਾਰ, ਨਾਭਾ) ਲਈ ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਕੁਝ ਪੁਸਤਕਾਂ ਮੰਗਵਾਈਆਂ ਸਨ ਜੋ ਕਿ ਉਹਨਾਂ ਨੇ ਠੀਕ ਢੰਗ ਨਾਲ਼ ਪੈਕ ਕਰਕੇ ਅਤੇ ਯੋਗ ਕਮਿਸ਼ਨ ਕੱਟ ਕੇ ਬਿਲ ਬਣਾ ਕੇ ਸਮੇਂ ਸਿਰ ਭੇਜ ਦਿੱਤੀਆਂ ਹਨ। ਤੁਸੀਂ ਬੈਂਕ ਡਰਾਫਟ ਰਾਹੀਂ ਬਿਲ ਦਾ ਭੁਗਤਾਨ ਕਰਦਿਆਂ ਇੱਕ ਪੱਤਰ ਲਿਖੋ, ਜਿਸ ਵਿੱਚ ਉਹਨਾਂ ਦੀ ਸ਼ਲਾਘਾ ਦੇ ਸ਼ਬਦ ਵੀ ਲਿਖੇ ਹੋਣ।

2+4+2 = 8

**ਪ੍ਰਸ਼ਨ :- 4 ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾ ਸਿਰਲੇਖ ਵੀ ਲਿਖੋ:-**

ਇਸ ਵਿੱਚ ਸ਼ੱਕ ਨਹੀਂ ਕਿ ਆਸ ਤੋਂ ਬਿਨਾਂ ਨਾ ਆਦਮੀ ਅਤੇ ਨਾ ਹੀ ਸਮਾਜ ਕਾਇਮ ਰਹਿ ਸਕਦਾ ਹੈ। ਆਸ ਇੱਕ ਅਜਿਹੀ ਚਿਣਗ ਹੈ, ਜਿਸ ਸਦਕਾ ਮਨੁੱਖਤਾ ਸੁਪਨੇ ਵੇਖਦੀ, ਯੋਜਨਾਵਾਂ ਬਣਾਉਂਦੀ ਤੇ ਉਸਾਰੀ ਕਰਦੀ ਹੋਈ ਅੱਜ ਤੱਕ ਜਿਊਂਦੀ ਆਈ ਹੈ। ਮਨੁੱਖਤਾ ਨੇ ਹਮੇਸ਼ਾਂ ਉਸ ਵੇਲ਼ੇ ਉਸਾਰੀ ਕੀਤੀ, ਜਦ ਉਸ ਨੂੰ ਚੁਫ਼ੇਰੇ ਵੀਰਾਨੀ ਤੇ ਖੰਡਰ ਵਿਖਾਈ ਦੇ ਰਹੇ ਸਨ। ਅਸਲ ਵਿੱਚ ਆਸ ਮਨੁੱਖੀ ਸੁਭਾਅ ਦਾ ਇਕ ਅੰਗ ਹੈ। ਪਰ ਆਸ ਏਨੀ ਸੁਭਾਵਿਕ ਹੋਣ ਤੇ ਵੀ ਅਸੀਂ ਉਸ ਨੂੰ ਗਵਾ ਸਕਦੇ ਹਾਂ, ਅਜਿਹੀ ਹਾਲਤ ਵਿੱਚ ਕੀ ਅਸੀਂ ਆਪਣੇ ਮਨ ਵਿੱਚ ਆਸ ਨੂੰ ਮੁੜ ਜਗਾ ਸਕਦੇ ਹਾਂ? ਬੇਸ਼ਕ। ਆਸ ਕਿਉਂਕਿ ਜ਼ਿੰਦਗੀ ਦੇ ਸੁਭਾਵਿਕ ਵਹਿਣ ਨਾਲ਼ ਜੁੜੀ ਹੋਈ ਹੈ, ਇਸ ਲਈ ਉਸ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਕੇ, ਅਸੀਂ ਉਸ ਦੇ ਵਹਿਣ ਨੂੰ ਬੇਰੋਕ ਬਣਾ ਸਕਦੇ ਹਾਂ। ਅਜਿਹੇ ਮੌਕਿਆਂ ' ਤੇ ਆਪਣਾ ਧਿਆਨ ਵਰਤਮਾਨ ' ਤੇ ਕੇਂਦਰਿਤ ਕਰੋ ਤੇ ਹਰ ਦਿਨ ਵਿੱਚ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਲੱਭੋ, ਏਥੋ ਤੱਕ ਕਿ ਹਰ ਘੰਟੇ ਨੂੰ ਚੰਗੀ ਤਰ੍ਹਾਂ ਜਿਉਣ ਦਾ ਜਤਨ ਕਰੋ, ਕੋਈ ਚੰਗੀ ਕਿਤਾਬ ਪੜ੍ਹ ਕੇ, ਕਿਸੇ ਨਾਲ਼ ਚੰਗੀਆਂ ਗੱਲਾਂ ਕਰਕੇ, ਕਿਸੇ ਨਾਲ਼ ਹਮਦਰਦੀ ਭਰਿਆ ਸਲੂਕ ਕਰਕੇ, ਕਿਸੇ ਕੁਦਰਤੀ ਦ੍ਰਿਸ਼ ਤੇ ਸੁਹੱਪਣ ਨੂੰ ਮਾਣ ਕੇ ਅਪਣੀਆਂ ਜੜ੍ਹਾਂ ਪੂਰੀ ਤਰ੍ਹਾਂ ਵਰਤਮਾਨ ਵਿੱਚ ਜਮਾਓ, ਜਦ ਤੱਕ ਕਿ ਤੁਹਾਡੇ ਅੰਦਰ ਆਉਦ ਵਾਲ਼ੇ ਕੱਲ੍ਹ ਬਾਰੇ ਸੋਚਣ ਦਾ ਹੌਸਲਾ ਨਹੀਂ ਆ ਜਾਂਦਾ।

2+8 = 10

**ਪ੍ਰਸ਼ਨ :- 5 ਹੇਠ-ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :**

(ੳ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(ਅ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(ੲ) ਨੂਠਾ ਢੁੱਟ ਕੇ ਛੰਨਾ ਮਿਲ਼ਿਆ

(ਸ) ਨਾਤ੍ਹੀ ਧੋਤੀ ਰਹਿ ਗਈ, ਮੂੰਹ ਤੇ ਮੱਖੀ ਬਹਿ ਗਈ

(ਹ) ਮਨ ਜੀਤੇ ਜਗ ਜੀਤ

(ਕ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ

(ਖ) ਸੰਗ ਤਾਰੇ, ਕੁਸੰਗ ਡੋਬੇ

(ਗ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

2+2+2+2=8

**ਪ੍ਰਸ਼ਨ :-6 ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :-**

ਬਰਸਾਤ ਦੀ ਇੱਕ ਸ਼ਾਮ, ਲੋਰੀ 6

**ਪ੍ਰਸ਼ਨ :- 7 ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ**

ਆਪਣਾ ਦੇਸ, ਕਾਰ ਖਿਡੌਣਾ 8